بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 18.06.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਜੂਨ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيمِ ۔ اَلْحَمْدُ لِلّٰهِ رَبِّ الْعَالَمِينَ ۔ الرَّحْمٰنِ الرَّحِيمِ ۔ مَالِكِ يَوْمِ الدِّينِ ۔ إِيَّاكَ نَعْبُدُ وَإِيَّاكَ نَسْتَعِينُ ۔ اِهْدِنَا الصِّرَاطَ الْمُسْتَقِيمَ ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜਕਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਹੈ । ਜੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਦੇਹਾਂਤ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਵੱਖਰਿਆਂ ਵੱਖਰਿਆਂ ਬੁਲਵਾਕੇ ਇਹਨਾ ਦੋਹਾਂ ਨਾਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਾਰੇ ਚਰਚਾ ਕੀਤੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਨੇ ਉਮਰ ਨੂੰ ਚੰਗਾ ਦੱਸਦਿਆਂ ਹੋਇਆਂ ਉਹਨਾ ਦੇ ਸੁਭਾਉ ਵਿੱਚ ਸਖ਼ਤੀ ਦਾ ਜ਼ਿਕਰ ਕੀਤਾ । ਜਿਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਉਮਰ ਦੇ ਸੁਭਾਉ ਵਿੱਚ ਸਖ਼ਤੀ ਇਸ ਲਈ ਹੈ ਕਿ ਉਹ ਮੇਰੇ ਵਿੱਚ ਨਰਮੀ ਦੇਖਦੇ ਹਨ । ਜੱਦ ਅਮਾਰਤ (ਪ੍ਰਧਾਨਗੀ) ਉਹਨਾ ਦੇ ਸੁਪੁਰਦ ਹੋਵੇਗੀ ਤਾਂ ਉਹ ਆਪਣੀਆਂ ਬਹੁਤ ਸਰੀਆਂ ਗਲੱਾਂ ਨੂੰ ਛੱਡ ਦੇਣਗੇ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਾਰੇ ਧਨਾਤਮਕ ਰਾਏ ਦਿੱਤੀ ਅਤੇ ਅਰਜ਼ ਕੀਤੀ ਕਿ ਉਮਰ ਰਜ਼ੀ ਅਲੱਾਹੁ ਅਨਹੁ ਦਾ ਅੰਦਰ ਉਹਨਾ ਦੇ ਪ੍ਰਗਟ ਤੋਂ ਵੀ ਚੰਗਾ ਹੈ । ਇਹਨਾ ਹੀ ਦਿਨਾਂ ਵਿੱਚ ਹਜ਼ਰਤ ਤਲਹਾ ਬਿਨ ਉਬੈਦੁਲੱਾਹ ਰਜ਼ੀ ਅਲੱਾਹੁ ਅਨਹੁ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਹਜ਼ਰਤ ਉਮਰ ਦੀ ਸਖ਼ਤੀ ਦੇ ਸਬਬ ਆਪਣੀਆਂ ਸੁਰੱਖਿਆਵਾਂ ਦਾ ਪ੍ਰਗਟਵਾ ਕਰਦਿਆਂ ਹੋਇਆਂ ਅਰਜ਼ ਕੀਤੀ ਕਿ ਰੱਬ ਆਪ ਤੋਂ ਪ੍ਰਜਾ ਬਾਰੇ ਪੁੱਛੇਗਾ । ਇਹ ਸੁਣਕੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਜੱਦ ਮੇਰਾ ਰੱਬ ਮੈਥੋਂ ਉਮਰ ਰਜ਼ੀ ਅਲੱਾਹੁ ਅਨਹੁ ਬਾਰੇ ਪੁੱਛੇਗਾ ਤਾਂ ਮੈਂ ਉੱਤਰ ਦਿਆਂਗਾ ਕਿ ਮੈਂ ਤੇਰੇ ਬੰਦਿਆਂ ਵਿੱਚ ਸੱਭ ਤੋਂ ਚੰਗੇ ਬੰਦੇ ਨੂੰ ਖ਼ਲੀਫ਼ਾ ਬਣਾਇਆ ਹੈ ।

ਇਸ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਬੁਲਾਇਆ ਅਤੇ ਉਹਨਾ ਨੂੰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਹੱਕ ਵਿੱਚ ਵਸੀਯੱਤ ਲਿਖੱਵਾਈ । ਹਜ਼ਰਤ ਆਇਸ਼ਾ

ਰਜ਼ੀ ਅਲੱਾਹੁ ਅਨਹਾ ਕਹਿੰਦੀ ਹਨ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਲਿਖੱਤ ਲਿੱਖ ਰਹੇ ਸਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ'ਤੇ ਗ਼ਸ਼ੀ ਛਾਉਣ ਲੱਗੀ, ਇਸੇ ਸਮੇਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਨਾਂ ਲਿੱਖ ਦਿਤੱਾ । ਜੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਗ਼ਸ਼ੀ ਦੂਰ ਹੋਈ ਤਾਂ ਆਪ ਨੇ ਪੁੱਛਿਆ ਕਿ ਤੁਸੀਂ ਕੀ ਲਿੱਖਿਆ ਹੈ ? ਇਸ'ਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਮੈਂ ਉਮਰ ਰਜ਼ੀ ਅਲੱਾਹੁ ਅਨਹੁ ਦਾ ਨਾਂ ਲਿੱਖਿਆ ਹੈ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਤੁਸੀਂ ਉਹੋ ਲਿੱਖਿਆ ਹੈ ਜਿਸ ਦਾ ਮੈਂ ਨਿਸ਼ਚਾ ਕੀਤਾ ਸੀ ।

ਜੱਦ ਵਸੀਯੱਤ ਲਿੱਖੀ ਜਾ ਚੁੱਕੀ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਇਸਨੂੰ ਲੋਕਾਂ ਨੂੰ ਪੜ੍ਹਕੇ ਸੁਣਾਇਆ ਜਾਏ । ਸੋ, ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਨੂੰ ਇਕੱਠਿਆਂ ਕੀਤਾ ਅਤੇ ਵਸੀਯੱਤ ਸੁਣਾਈ ਗਈ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਕੀ ਤੁਸੀਂ ਲੋਕ ਇਸ'ਤੇ ਰਾਜ਼ੀ ਹੋ ਜਿਸਨੂੰ ਮੈਂ ਤੁਹਾਡੇ'ਤੇ ਖ਼ਲੀਫ਼ਾ ਨਿਯੁਕਤ ਕੀਤਾ ਹੈ? ਮੈਂ ਕਿਸੇ ਰਿਸ਼ਤੇਦਾਰ ਨੂੰ ਤੁਹਾਡੇ'ਤੇ ਖ਼ਲੀਫ਼ਾ ਨਿਯੁਕਤ ਨਹੀਂ ਕੀਤਾ । ਰੱਬ ਦੀ ਸਹੁੰ ! ਮੈਂ ਇਸ ਬਾਰੇ ਗ਼ੌਰ ਤੇ ਚਿੰਤਨ ਕਰਨ ਵਿੱਚ ਕਿਸੇ ਪ੍ਰਕਾਰ ਕਮੀ ਨਹੀਂ ਕੀਤੀ, ਸੋ, ਇਸ ਨੂੰ ਸੁਣੋ ਅਤੇ ਆਗਿਆ ਪਾਲਣ ਕਰੋ । ਇਸ'ਤੇ ਲੋਕਾਂ ਨੇ ਕਿਹਾ ਕਿ ਅਸੀਂ ਸੁਣਿਆ ਅਤੇ ਆਗਿਆ ਪਾਲਣ ਕੀਤੀ । ਫਿਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਬੁਲਾਇਆ ਅਤੇ ਉਹਨਾ ਨੂੰ ਤਕਵਾ (ਸੰਜਮਤਾ) ਧਾਰਣ ਕਰਨ ਅਤੇ ਲੋਕਾਂ ਵਿੱਚ ਨਰਮੀ ਨਾਲ ਮਾਮਲਾ ਕਰਨ ਦੀ ਤਲਕੀਨ ਕੀਤੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਖ਼ਲੀਫ਼ਾ ਬਣਨ ਦੇ ਬਾਦ ਜੋ ਪਹਿਲਾ ਸੰਬੋਧਨ ਕੀਤਾ ਇਸ ਬਾਰੇ ਵੱਖ ਵੱਖ ਤਰਕ ਮਿਲਦੇ ਹਨ । ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਅਲੱਾਹ ਤਆਲਾ ਨੇ ਤੁਹਾਨੂੰ ਮੇਰੇ ਰਾਹੀਂ ਅਤੇ ਮੈਂਨੂੰ ਤੁਹਾਡੇ ਰਾਹੀਂ ਪਰਖਿਆ ਹੈ । ਤੁਹਾਡਾ ਜੋ ਵੀ ਮਾਮਲਾ ਮੇਰੇ ਸਾਹਮਣੇ ਪੇਸ਼ ਹੋਵੇਗਾ ਮਰੇ ਬਿਨਾ ਕੋਈ ਹੋਰ ਉਸਨੂੰ ਨਹੀਂ ਦੇਖੇਗਾ ਅਤੇ ਜੋ ਮਾਮਲਾ ਮੇਰੇ ਤੋਂ ਲਾਂਭੇ ਹੋਵੇਗਾ, ਉਸ ਲਈ ਮੈਂ ਮਜ਼ਬੂਤ ਤੇ ਇਮਾਨਦਾਰ ਲੋਕਾਂ ਨੂੰ ਨਿਯੁਕਤ ਕਰ ਦਿਆਂਗਾ । ਅਰਬ ਵਾਸੀਆਂ ਦੀ ਉਧਾਰਣ ਨਕੇਲ ਨਾਲ ਬੰਨ੍ਹੇ ਊਠ ਵਾਂਗ ਹੈ ਜੋ ਆਪਣੇ ਚਾਲਕ ਦੇ ਪਿੱਛੇ ਚਲਦਾ ਹੈ । ਸੋ, ਇਸ ਚਾਲਕ ਨੂੰ ਚਾਹੀਦਾ ਹੈ ਕਿ ਦੇਖੇ ਕਿ ਉਹ ਕਿਵੇਂ ਹਿੱਕ ਰਿਹਾ ਹੈ ਅਤੇ ਜਿੱਥੋਂ ਤੱਕ ਮੇਰੇ ਸੰਬੰਧ ਹੈ ਮੈਂ ਇਹਨਾ ਨੂੰ ਸੁਮਾਰਗ'ਤੇ ਰਖੱਾਂਗਾ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਖ਼ਲੀਫ਼ ਨਿਯੁਕਤ ਹੋਣ ਦੇ ਬਾਦ ਤੀਜੇ ਦਿਨ ਵਿਸਥਾਰ ਨਾਲ ਭਾਸ਼ਣ ਦਿਤੱਾ ਜਿਸ ਵਿੱਚ ਰੱਬ ਦੀ ਹਮਦ ਸਨਾ ਤੇ ਰਸੂਲੁਲੱਾਹ ਸਲੱਾਹੁ ਅਲੈਹਿ ਵਸਲੱਮ'ਤੇ ਦੁਰੂਦ ਪੜ੍ਹਨ ਦੇ ਬਾਦ ਫ਼ਰਮਾਇਆ : ਮੈਂਨੂੰ ਸੂਚਨਾ ਪਹੁੰਚੀ ਹੈ ਕਿ ਲੋਕ ਮੇਰੇ ਤਿੱਖੇ ਸੁਭਾਉ ਤੋਂ ਡਰ ਰਹੇ ਹਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਣ ਅਤੇ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਖ਼ਿਲਾਫ਼ਤ ਵਿੱਚ ਨਿਸ਼ਚੇ ਹੀ ਮੈਂ ਇਹਨਾ ਦੋਹਾਂ ਦੇ ਹਥੱਾਂ ਵਿੱਚ ਇਕ ਖਿੱਚੀ ਹੋਈ ਤਲਵਾਰ ਸੀ । ਉਹ ਚਾਹੁੰਦੇ ਤਾਂ ਮੈਂਨੂੰ ਮਿਆਨ ਵਿੱਚ ਰੱਖਦੇ ਅਤੇ ਜੇਕਰ ਚਾਹੁੰਦੇ ਤਾਂ ਮੈਂਨੂੰ ਖੁਲੱਾ ਛੱਡ ਦਿੰਦੇ ਤਾਂ ਜੋ ਮੈਂ ਕੱਟ ਸੁਟੱਦਾ । ਹੇ ਲੋਕੋ ! ਹੁਣ ਮੈਂ ਤੁਹਾਡੇ ਲੋਕਾਂ ਦੇ ਕੰਮਾ ਦਾ ਵਾਲੀ ਬਣ ਗਿਆ ਹਾਂ । ਹੁਣ ਉਹ ਤੇਜ਼ੀ ਘਟਾ ਦਿੱਤੀ ਗਈ ਹੈ ਅਤੇ ਹੁਣ ਉਹ ਮੁਸਲਮਾਨਾ'ਤੇ ਜ਼ੁਲਮ ਤੇ ਅਤਿਆਚਾਰ ਕਰਨ ਵਾਲਿਆਂ'ਤੇ ਪ੍ਰਕਟ ਹੋਵੇਗੀ । ਉਹ ਲੋਕ ਜੋ ਨੇਕ ਸੁਭਾਵੀ, ਧਾਰਮਕ ਤੇ ਸਮਰਥਕ ਹਨ ਮੈਂ ਉਹਨਾ ਦੇ ਨਾਲ ਇਸ ਤੋਂ ਵੀ ਵੱਧ ਨਰਮ ਸਾਬਤ ਹੋਵਾਂਗਾ । ਜੋ ਨਰਮੀ ਉਹ ਇਕ ਦੂਜੇ ਨਾਲ ਕਰਦੇ ਹਨ । ਹੇ, ਲੋਕੋ ! ਤੁਹਾਡਾ ਮੇਰੇ'ਤੇ ਹੱਕ ਹੈ ਕਿ ਮੈਂ ਗ਼ਨੀਮਤਾਂ ਅਤੇ ਉਸ ਮਾਲ ਵਿੱਚ ਜੋ ਤੁਹਾਡੇ'ਤੇ ਖ਼ਰਚ ਕਰਨਾ ਹੈ ਕੋਈ ਚੀਜ਼ ਤੁਹਾਡੇ ਤੋਂ ਲੁਕਾ ਕੇ ਨ ਰਖੱਾਂ । ਤੁਹਾਡੇ ਵਜ਼ੀਫ਼ੇ ਅਤੇ ਤੁਹਾਡੀਆਂ ਦਿਹਾੜੀਆਂ ਤੁਹਾਨੂੰ ਦਿੰਦਾ ਰਹਾਂ ।

ਤੁਹਾਨੂੰ ਹਲਾਕਤ ਵਿੱਚ ਨ ਪਾਵਾਂ, ਜੱਦ ਤੁਸੀਂ ਲਸ਼ਕਰ ਵਿੱਚ ਸ਼ਾਮਲ ਹੋਕੇ ਘਰੋਂ ਦੂਰ ਰਹੋ ਤਾਂ ਤੁਹਾਡੇ ਬਾਲ ਬੱਚਿਆਂ ਦਾ ਪਿਤਾ ਬਣਾ ਰਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫਤ ਕਾਲ ਦਾ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ : ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸਲਾਮ ਅਤੇ ਮੁਸਲਮਾਨਾ ਦੀ ਤਰੱਕੀ ਲਈ ਐਨ੍ਹੀਆਂ ਕੁਰਬਾਨੀਆਂ ਤੋਂ ਕੰਮ ਲਿਆ ਹੈ ਕਿ ਉਹ ਯੁਰੋਪੀਅਨ ਲੇਖਕ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਇਤਰਾਜ਼ ਕਰਦੇ ਰਹਿੰਦੇ ਹਨ ਉਹ ਵੀ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ'ਤੇ ਸਵੀਕਾਰ ਕਰਦੇ ਹਨ ਕਿ ਜਿਸ ਮਿਹਨਤ, ਸੰਘਰਸ਼ ਤੇ ਕੁਰਬਾਨੀ ਨਾਲ ਇਹਨਾ ਲੋਕਾਂ ਨੇ ਕੰਮ ਕੀਤਾ ਹੈ ਦੁਨੀਆ ਦੇ ਕਿਸੇ ਵੀ ਹੁਕਮਰਾਨ ਵਿੱਚ ਇਸ ਦੀ ਉਧਾਰਣ ਨਹੀਂ ਦਿਖਾਈ ਦਿੰਦੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਹ ਸਾਬਤ ਕਰਦਿਆਂ ਹੋਇਆਂ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਨਿਅਏਕਾਰੀ ਤੇ ਦੂਰ ਦ੍ਰਿਸ਼ਟੀ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਗ਼ੁਲਾਮੀ ਤੇ ਰੱਬ ਦੇ ਡਰ ਦੇ ਸਬਬ ਸੀ , ਫ਼ਰਮਾਉਂਦੇ ਹਨ ਕਿ ਹਰ ਸਮੇਂ ਸੰਗਤ ਵਿੱਚ ਰਹਿਣ ਵਾਲਾ ਅਜਿਹਾ ਵਿਅਕਤੀ ਮਰਦੇ ਸਮੇਂ ਹਸਰਤ ਰਖੱਦਾ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਦੇ ਕਦਮਾ ਵਿੱਚ ਥਾਂ ਮਿਲ ਜਾਏ । ਜੇਕਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਕਿਸੇ ਕਾਰਜ ਤੋਂ ਇਹ ਗੱਲ ਪ੍ਰਕਟ ਹੁੰਦੀ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਰੱਬ ਦੀ ਰਜ਼ਾ ਖ਼ਾਤਰ ਕੰਮ ਨਹੀਂ ਕਰਦੇ ਤਾਂ ਕੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਜਿਹਾ ਮਨੁੱਖ ਇਸ ਦਰਜੇ ਨੂੰ ਪਹੁੰਚਕੇ ਕਦੇ ਇਹ ਇਛੱਾ ਨ ਕਰਦਾ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਕਦਮਾਂ ਵਿੱਚ ਥਾਂ ਪ੍ਰਾਪਤ ਕਰੇ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਘਰ ਵਾਲਿਆਂ ਨਾਲ ਅਕੀਦਤ ਤੇ ਪ੍ਰੇਮ ਦੇ ਪ੍ਰਗਟਾਵੇ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਈਰਾਨ ਜਿੱਤਿਆ ਗਿਆ ਅਤੇ ਉੱਥੋਂ ਬਰੀਕ ਆਟਾ ਪੀਹਣ ਵਾਲੀਆਂ ਚੱਕੀਆਂ ਲਿਆਂਦੀਆਂ ਗਈਆਂ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਪਹਿਲਾ ਬਰੀਕ ਪਿੱਸਿਆ ਆਟਾ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਦੀ ਸੇਵਾ ਵਿੱਚ ਭਿਜਵਾਇਆ । ਹਜ਼ਰਤ ਆਇਸ਼ਾ ਦੀਆਂ ਉਸ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਪ੍ਰੇਮ ਤੇ ਸਨੇਹ ਦੇ ਸਬਬ ਇਸ ਆਟੇ ਨਾਲ ਬਣੀ ਰੋਟੀ ਦੀ ਬੁਰਕੀ ਮੂੰਹ ਵਿੱਚ ਪਾਉਂਦਿਆਂ ਹੀ ਅਖੱਾਂ ਗਲੇਡੂਆਂ ਨਾਲ ਭਰ ਗਈਆਂ ਅਤੇ ਫ਼ਰਮਾਇਆ ਕਿ ਉਹ ਜਿਸ ਦੇ ਤੁਫ਼ੈਲ ਸਾਨੂੰ ਇਹ ਨੇਮਤਾਂ ਮਿਲੀਆਂ ਹਨ ਉਹ ਤਾਂ ਇਹਨਾ ਨੇਮਤਾਂ ਤੋਂ ਮਹਿਰੂਮ ਹੀ ਚਲਾ ਗਿਆ, ਅਸੀਂ ਉਹ ਨੇਮਤਾਂ ਵਰਤ ਰਹੇ ਹਾਂ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਹਜ਼ਰਤ ਇਮਾਮ ਹਸਨ ਰਜ਼ੀ ਅਲੱਾਹੁ ਅਨਹੁ ਅਤੇ ਇਮਾਮ ਹੁਸੈਨ ਰਜ਼ੀ ਅਲੱਾਹੁ ਅਨਹੁ ਦਾ ਬਹੁਤ ਸਨਮਾਨ ਕਰਦੇ, ਜੱਦ ਆਪ ਨੇ ਲੋਕਾਂ ਲਈ ਵਜ਼ੀਫ਼ੇ ਨਿਯੁਕਤ ਕੀਤੇ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਸਭ ਤੋਂ ਨੇੜਲੇ ਰਿਸ਼ਤੇਦਾਰ ਤੋਂ ਸ਼ੁਰੂ ਕੀਤਾ । ਆਪ ਨੇ ਪਹਿਲਾਂ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਅਤੇ ਫਿਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਦਾ ਹਿਸੱਾ ਨਿਯੁਕਤ ਕੀਤਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਹਿਲ ਅਜ਼ੀਜ਼ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਅੱਗੇ ਜਾਰੀ ਰਖੱਣ ਦਾ ਫ਼ਰਮਾਨ ਦੇਣ ਦੇ ਬਾਦ ਜਿੰਨ੍ਹਾ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਂਣ ਦਾ ਐਲਾਨ ਕੀਤਾ । ਉਹਨਾ ਵਿੱਚੋਂ ਪਹਿਲਾਂ ਜ਼ਿਕਰ ਸੀ ਮੁਕਰੱਮਾ ਸੁਹੇਲਾ ਮਹਿਬੂਬ ਸਾਹਿਬਾ ਸੁਪੱਤਨੀ ਫ਼ੈਜ਼ ਅਹਮਦ ਸਾਹਬ ਗੁਜਰਾਤੀ ਦਰਵੇਸ਼ ਮਰਹੂਮ ਨਾਜ਼ਿਰ ਬੈਤੁਲ ਮਾਲ ਜਿੰਨ੍ਹਾ ਦਾ 90 ਸਾਲ ਦਾ ਉਮਰ ਵਿੱਚ ਦੇਹਾਂਤ ਹੋਇਆ, ਰੱਬ ਦੀ ਮਿਹਰ ਨਾਲ ਮੁਸੀਆ ਸਨ । ਇਹ ਬਿਹਾਰ ਦੇ ਇਕ ਵਿਦਿਅਕ ਘਰਾਣੇ ਵਿੱਚੋਂ ਸਨ । ਇਹਨਾ ਦੇ ਪਿਤਾ ਅਹਮਦੀ ਨਹੀਂ ਸਨ ਪਰ ਇਹਨਾ ਦੀ ਮਾਤਾ ਆਪਣੇ ਪਿਤਾ ਦੀ ਬੈਅਦ ਦੇ ਬਾਦ ਆਪ ਅਧਿਐਨ ਕਰਕੇ ਸ਼ਾਲਮ ਹੋਈ ।

ਮਰਹੂਮਾ ਨੇ ਜੀਵਨ ਵਕਫ਼ ਕੀਤਾ ਹੋਇਆ ਸੀ ਜਿਸ’ਤੇ ਉਸ ਸਮੇਂ ਦੇ ਨਾਜ਼ਿਰ ਖ਼ਿਦਮਤੇ ਦਰਵੇਸ਼ਾਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਵਕਫ਼ ਦੇ ਪਤੱਰ ਦੇ ਉੱਤਰ ਵਿੱਚ ਇਹਨਾ ਨੂੰ ਲਿੱਖਿਆ ਕਿ ਮੈਂਨੂੰ ਆਪਦੇ ਵਕਫ਼ ਦਾ ਪਤਾ ਲਗੱਾ ਹੈ ਅਤੇ ਆਪਦਾ ਇਹ ਕਦਮ ਬਹੁਤ ਕਦਰ ਯੋਗ ਹੈ । ਵਕਫ਼ ਹੋਣ ਦੇ ਨਾਤੇ ਆਪਦਾ ਇਹ ਪਹਿਲਾ ਕਰਤਵ ਹੈ ਕਿ ਧਰਮ ਦਾ ਕੰਮ ਸਿੱਖੇ, ਆਪਣੇ ਕਰਮਾ ਨੂੰ ਇਸਲਾਮ ਅਤੇ ਅਹਮਦੀਅਤ ਅਨੁਸਾਰ ਬਣਾਓ ਤਾਂ ਜੋ ਚੰਗਾ ਨਮੂਨਾ ਕਾਇਮ ਹੋਵੇ । 1964 ਈ. ਵਿੱਚ ਮਰਹੂਮਾ ਦਾ ਵਿਆਹ ਚੋਧਰੀ ਅਬਦੁਲੱਾਹ ਸਾਹਬ ਦਰਵੇਸ਼ ਨਾਲ ਹੋਇਆ ਇਹਨਾ ਤੋਂ ਇਕ ਪੁਤੱਰੀ ਪੈਦਾ ਹੋਈ ਪਰ ਕੁਝ ਸਮਾਂ ਪਿੱਛੋਂ ਅੱਡ ਹੋ ਗਏ । ਫਿਰ ਇਹਨਾ ਦਾ ਦੂਜਾ ਵਿਆਹ ਹੋਇਆ ਚੌਧਰੀ ਫ਼ੈਜ਼ ਅਹਮਦ ਸਾਹਬ ਗੁਜਰਾਤੀ ਦਰਵੇਸ਼ ਨਾਲ । ਇਹਨਾ ਤੋਂ ਇਕ ਲੜਕਾ ਪੈਦਾ ਹੋਇਆ ਪਰ ਉਹ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਿਆ । ਮਰਹੂਮਾ ਨੂੰ ਰਿਟਾਇਰਮੈਂਟ ਤੱਕ ਲਗੱਭਗ ਤੀਹ ਸਾਲ ਨੁਸਰਤ ਗਰਲਜ਼ ਹਾਈ ਸਕੂਲ ਕਾਦੀਆਂ ਵਿੱਚ ਹੈਡ ਮਿਸਟ੍ਰਸ ਦੇ ਰੂਪ ਵਿੱਚ ਸੇਵਾ ਬਜਾ ਲਿਆਉਣ ਦਾ ਮੌਕਾ ਮਿਲਿਆ ।

ਹਜ਼ੂਰ ਨੇ ਮੁਕਰੱਮ ਸ਼ੇਖ਼ ਮੁਬਸ਼ੱਰ ਅਮਹਦ ਸਾਹਬ ਸਪੁਤੱਰ ਸ਼ੇਖ ਇਸਰਾਰ ਅਹਮਦ ਸਾਹਬ ਆਫ਼ ਕੇਰੰਗ ਉੜੀਸ਼ਾ ਭਾਰਤ ਸੁਪੱਰਵਾਈਜ਼ਰ ਨਿਜ਼ਾਮਤ ਤਾਮੀਰਾਤ ਦਾ ਜ਼ਿਕਰੇ ਖ਼ੈਰ ਕੀਤਾ, ਜਿੰਨ੍ਹਾ ਦੀ ਬੀਤੇ ਦਿਨੀ ਕਰੋਨਾ ਕਰਕੇ 33 ਸਲ ਦੀ ਉਮਰ ਵਿੱਚ ਮੌਤ ਹੋ ਗਈ । ਮਰਹੂਮ ਪੈਦਾਇਸ਼ੀ ਅਹਮਦੀ ਸਨ । ਪੁਰਾਣੇ ਅਹਮਦੀ ਪਰਿਵਾਰਾਂ ਵਿੱਚੋਂ ਇਹਨਾ ਦਾ ਪਰਿਵਾਰ ਹੈ । ਅਤਿਅੰਤ ਉੱਚ ਆਚਰਣ ਵਾਲੇ ਨਮਾਜ਼ੀ ਅਤੇ ਦੀਨ ਦੀ ਸੇਵਾ ਲਈ ਤਤਪਰ ਰਹਿਣ ਵਾਲੇ ਜਮਾਤ ਦੇ ਸੇਵਕ ਸਨ । ਬਚਪੁਣੇ ਤੋਂ ਹੀ ਮਸਜਿਦ ਨਾਲ ਵਿਸ਼ੇਸ਼ ਸੰਬੰਧ ਸੀ । ਅੱਠ ਸਾਲ ਤੋਂ ਮਰਹੂਮ ਨਿਜ਼ਾਮਤ ਤਾਮੀਰਾਤ ਕਾਦੀਆਂ ਵਿੱਚ ਬਹੁਤ ਚੰਗੇ ਢੰਗ ਨਾਲ ਸੁਪੱਰ ਵਾਈਜ਼ਰ ਦੇ ਰੂਪ ਵਿੱਚ ਸੇਵਾ ਬਜਾ ਲਿਆ ਰਹੇ ਸਨ ਅਤੇ ਬਹੁਤ ਸੰਜਮਤਾ ਨਾਲ ਕੰਮ ਕਰਨ ਵਾਲੇ ਸਨ । ਡੂੰਘਿਆਈ ਵਿੱਚ ਜਾਕੇ ਆਪਣੇ ਕੰਮ ਨੂੰ ਕਰਦੇ ਸਨ । ਪਿਛੋਕੜ ਵਿੱਚ ਵਿਧਵਾ ਪਤਨੀ ਤੋਂ ਬਿਨਾ ਮਾਤਾ ਪਿਤਾ, ਦੋ ਭਰਾ ਅਤੇ ਇਕ ਭੈਣ ਸ਼ਾਮਲ ਹਨ । ਇਹਨਾਂ ਤੋਂ ਬਿਨਾ ਮੁਕਰੱਮ ਰਾਜਾ ਖ਼ੁਰਸੀਦ ਅਹਮਦ ਮੁਨੀਰ ਸਾਹਬ ਮੁਰੱਬੀ ਸਿਲਸਿਲਾ, ਮੁਕਰੱਮ ਜ਼ਮੀਰ ਅਹਮਦ ਨਦੀਮ ਸਾਹਬ ਮੁਰੱਬੀ ਸਿਲਸਿਲਾ ਸਹਾਇਕ ਨਾਜ਼ਿਰ ਵਸੀਯੱਤ, ਸ਼ੋਬਾ ਇਸਤਕਬਾਲੀਆ, ਮੁਕਰੱਮ ਈਸਾ ਮੌਕੇ ਤਲੀਮਾ ਸਾਹਬ ਨੈਸ਼ਨਲ ਨਾਇਬ ਅਮੀਰ ਤਨਜ਼ਾਨੀਆ, ਮੁਕਰੱਮ ਸ਼ੈਫ਼ ਅਲੀ ਸਾਹਬ ਸਿਡਨੀ ਆਸਟ੍ਰੇਲੀਆ, ਮੁਕਰੱਮ ਮਸਊਦ ਅਹਮਦ ਹਯਾਤ ਸਾਹਬ ਯੂਕੇ ਦਾ ਜ਼ਿਕਰੇ ਖ਼ੈਰ ਕਰਨ ਦੇ ਬਾਦ ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ
فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰہ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ
الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ.

**Khulasa Khutba Jumma 18.06.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131